pstcl PUNJAB STATE TRANSMISSION CORPORATION LIMITED ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ:ਦਫ਼ਤਰ:ਪੀ.ਐਸ.ਈ.ਬੀ., ਹੈੱਡਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
ਟੈਲੀਫੂਨ ਨੰ:- 0175-2970693 email id: se-admin@pstcl.org ਵੈਬਸਾਇਟ : pstcl.org

ਦਫਤਰੀ ਹੁਕਮ ਨੰ: 112 / SCN-160 to 162 ਮਿਤੀ: 06/02/24

**A)** ਜਿਵੇਂ ਕਿ ਇੰਜੀ. ਨਿਰਮਲ ਸਿੰਘ (ਕੋਡ ਨੰ. 107257), ਵਧੀਕ ਨਿਗਰਾਨ ਇੰਜੀਨੀਅਰ ਵੱਲੋਂ ਪੀ ਤੇ ਐਮ ਮੰਡਲ-1,ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਵਧੀਕ ਨਿਗਰਾਨ ਇੰਜੀਨੀਅਰ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਕਾਰਨ ਦੱਸੋ ਨੋਟਿਸ ਨੰ. : 160 ਮਿਤੀ: 19.12.2022 (ਸਾਂਝੀ ਕਾਰਵਾਈ ਅਧੀਨ) ਜਾਰੀ ਕੀਤਾ ਗਿਆ ਸੀ:-

*"ਜਦੋਂ ਤੁਸੀਂ (ਇੰਜੀ. ਨਿਰਮਲ ਸਿੰਘ, ਵਧੀਕ ਨਿਗਰਾਨ ਇੰਜੀਨੀਅਰ, ਆਈ.ਡੀ. ਨੰ. 107257) ਪੀ ਤੇ ਐਮ ਮੰਡਲ-1, ਮੰਡੀ ਗੋਬਿੰਦਗੜ੍ਹ ਅਧੀਨ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਵਿਖੇ ਬਤੌਰ ਵਧੀਕ ਨਿਗਰਾਨ ਇੰਜੀਨੀਅਰ ਤੈਨਾਤ ਸੀ ਤਾਂ ਤੁਹਾਡੇ ਵਲੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਹੇਠ ਲਿਖੀਆਂ ਗਲਤੀਆਂ/ ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਕੀਤੀਆਂ ਗਈਆਂ:-*

1. *ਮਿਤੀ 29.06.2022 ਨੂੰ ਸਮਾਂ ਕਰੀਬ 2:10 ਵੱਜੇ 220ਕੇਵੀ ਸ/ਸ ਅਮਲੋਹ ਵਿਖੇ ਬਲੈਕ ਆਊਟ ਹੋਇਆ ਸੀ ਜਿਸ ਬਾਰੇ ਤੁਹਾਡੇ ਵਲੋਂ ਉਚ ਅਧਿਕਾਰੀਆਂ ਨੂੰ ਸਮੇਂ ਸਿਰ ਨਹੀ ਦਸਿਆ ਗਿਆ ਅਤੇ ਬਲੈਕ ਆਊਟ ਦੀ ਜਾਣਕਾਰੀ ਪੀ.ਐਸ.ਪੀ.ਸੀ.ਐਲ. ਦੇ ਉਚ ਅਧਿਕਾਰੀਆਂ ਵੱਲੋ ਪੀ.ਐਸ.ਟੀ.ਸੀ.ਐਲ. ਦੇ ਉਚ ਅਧਿਕਾਰੀਆਂ ਨਾਲ ਸਾਂਝੀ ਕੀਤੀ ਗਈ ਸੀ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਤੁਹਾਡਾ ਸ/ਸ ਸਟਾਫ ਨਾਲ ਕੋਈ ਤਾਲਮੇਲ ਨਹੀ ਸੀ। ਇਸ ਤੋਂ ਇਲਾਵਾ ਮਈ-22 ਵਿੱਚ 220ਕੇਵੀ ਸ/ਸ ਅਮਲੋਹ ਵਿਖੇ ਡੈਮੇਜ਼ ਹੋਏ 100 ਐਮ.ਵੀ.ਏ. ਪ/ਟ/ਫ ਦੀ ਘਟਨਾ ਤੋਂ ਕੋਈ ਸਬਕ ਨਾ ਲੈਂਦੇ ਹੋਏ ਤੁਹਾਡੇ ਵਲੋਂ ਸ/ਸ ਸਟਾਫ ਨੂੰ ਸੰਕਟਕਾਲੀਨ ਸਥਿਤੀ ਨਾਲ ਨਿੱਜਠਣ ਲਈ ਜਾਗਰੂਕ ਨਹੀ ਕੀਤਾ ਗਿਆ। ਸੋ ਤੁਸੀ ਆਪਣੀ ਡਿਊਟੀ ਜਿੰਮੇਵਾਰੀ ਨਾਲ ਕਰਨ ਵਿੱਚ ਅਸਫਲ ਰਹੇ ਹੋ।*

*ਤੁਹਾਡੇ (ਇੰਜੀ. ਨਿਰਮਲ ਸਿੰਘ, ਵਧੀਕ ਨਿਗਰਾਨ ਇੰਜੀਨੀਅਰ) ਵਲੋਂ ਕੀਤੀਆਂ ਗਈਆਂ ਉਪਰੋਕਤ ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਇਸ ਕਦਰ ਹਨ ਕਿ ਤੁਹਾਡੇ ਵਿਰੁੱਧ ਵਿਭਾਗ ਦੇ ਸਜ਼ਾ ਅਤੇ ਅਪੀਲ ਵਿਨਿਯਮ-1971 ਦੇ ਵਿਨਿਯਮ 05 (i ਤੋਂ iv) ਨਾਲ ਪੜਿਆ ਜਾਵੇ, ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦੀਆਂ ਹਨ।"*

**B)** ਜਿਵੇਂ ਕਿ ਇੰਜੀ. ਕੁਲਦੀਪ ਸਿੰਘ (ਕੋਡ ਨੰ. 110369), ਸਹਾਇਕ ਇੰਜੀਨੀਅਰ ਵੱਲੋਂ 220 ਕੇਵੀ ਸ/ਸ ਅਮਲੋਹ ਅਧੀਨ ਪੀ ਤੇ ਐਮ ਮੰਡਲ-1, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਸਬ ਸਟੇਸ਼ਨ ਇੰਜੀਨੀਅਰ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਕਾਰਨ ਦੱਸੋ ਨੋਟਿਸ ਨੰ. : 161 ਮਿਤੀ: 19.12.2022 (ਸਾਂਝੀ ਕਾਰਵਾਈ ਅਧੀਨ) ਜਾਰੀ ਕੀਤਾ ਗਿਆ ਸੀ:-

*" ਜਦੋਂ ਤੁਸੀਂ (ਇੰਜੀ. ਕੁਲਦੀਪ ਸਿੰਘ, ਸਹਾਇਕ ਇੰਜੀਨੀਅਰ, ਆਈ.ਡੀ. ਨੰ. 110369) 220 ਕੇਵੀ ਸ/ਸ ਅਮਲੋਹ ਅਧੀਨ ਪੀ ਤੇ ਐਮ ਮੰਡਲ-1, ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਸਬ ਸਟੇਸ਼ਨ ਇੰਜੀਨੀਅਰ ਤੈਨਾਤ ਸੀ ਤਾਂ ਤੁਹਾਡੇ ਵਲੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਹੇਠ ਲਿਖੀਆਂ ਗਲਤੀਆਂ/ ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਕੀਤੀਆਂ ਗਈਆਂ:-*

1. *ਮਿਤੀ 29.06.2022 ਨੂੰ ਸਮਾਂ ਕਰੀਬ 2:10 ਵੱਜੇ (ਤੜਕੇ) 220ਕੇਵੀ ਸ/ਸ ਅਮਲੋਹ ਵਿਖੇ ਬਲੈਕ ਆਊਟ ਹੋਇਆ ਸੀ, ਜ਼ੋ ਕਿ ਤੁਹਾਡੀ ਮੌਜੂਦਗੀ ਵਿੱਚ 66/11ਕੇਵੀ ਪ/ਟ/ਫ* T-1 *ਨੂੰ ਸਮਾਂ 5:35 ਵਜੇ ਚਾਰਜ ਕਰਨ ਵੇਲੇ ਟੈਂਪਰੇਰੀ ਅਰਥਾ ਨੂੰ ਨਾ ਖੋਲਣ ਕਾਰਨ ਹੋਇਆ। ਸੋ ਪ/ਟ/ਫ ਦੀ ਚਾਰਜਿੰਗ ਸਮੇ ਤੁਹਾਡੇ ਵਲੋਂ ਟੈਂਪਰੇਰੀ ਅਰਥਾਂ ਨੂੰ ਨਾ ਖੁਲਵਾਉਣ ਦੀ ਕੀਤੀ ਗਈ ਅਣ-ਗਹਿਲੀ ਲਈ ਤੁਸੀ ਜਿੰਮੇਵਾਰ ਹੋ।*

*ਤੁਹਾਡੇ (ਇੰਜੀ. ਕੁਲਦੀਪ ਸਿੰਘ, ਸਹਾਇਕ ਇੰਜੀਨੀਅਰ) ਵਲੋਂ ਕੀਤੀ ਗਈ ਉਪਰੋਕਤ ਅਣਗਹਿਲੀ/ ਕੁਤਾਹੀ/ ਬੇਨਿਯਮੀ ਇਸ ਕਦਰ ਹੈ ਕਿ ਤੁਹਾਡੇ ਵਿਰੁੱਧ ਵਿਭਾਗ ਦੇ ਸਜ਼ਾ ਅਤੇ ਅਪੀਲ ਵਿਨਿਯਮ-1971 ਦੇ ਵਿਨਿਯਮ 05 (i ਤੋਂ iv) ਨਾਲ ਪੜਿਆ ਜਾਵੇ, ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦੀ ਹੈ।"*

C) ਜਿਵੇਂ ਕਿ ਸ੍ਰੀ ਰਮੇਸ਼ ਕੁਮਾਰ (ਆਈ.ਡੀ. ਨੰ. 603272), ਜੂਨੀਅਰ ਇੰਜੀਨੀਅਰ ਵੱਲੋਂ 220 ਕੇਵੀ ਸ/ਸ ਅਮਲੋਹ ਅਧੀਨ ਪੀ ਤੇ ਐਮ ਮੰਡਲ-1, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਜੂਨੀਅਰ ਇੰਜੀਨੀਅਰ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਕਾਰਨ ਦੱਸੋ ਨੋਟਿਸ ਨੰ. : 162 ਮਿਤੀ: 19.12.2022 (ਸਾਂਝੀ ਕਾਰਵਾਈ ਅਧੀਨ) ਜਾਰੀ ਕੀਤਾ ਗਿਆ ਸੀ:-

*"ਜਦੋਂ ਤੁਸੀਂ (ਸ੍ਰੀ ਰਮੇਸ਼ ਕੁਮਾਰ, ਜੂਨੀਅਰ ਇੰਜੀਨੀਅਰ, ਆਈ.ਡੀ. ਨੰ. 603272) 220 ਕੇਵੀ ਸ/ਸ ਅਮਲੋਹ ਅਧੀਨ ਪੀ ਤੇ ਐਮ ਮੰਡਲ-1, ਮੰਡੀ ਗੋਬਿੰਦਗੜ੍ਹ ਵਿਖੇ ਬਤੌਰ ਜੂਨੀਅਰ ਇੰਜੀਨੀਅਰ/ ਮੈਂਟੀਨੈਂਸ ਤੈਨਾਤ ਸੀ ਤਾਂ ਤੁਹਾਡੇ ਵਲੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਹੇਠ ਲਿਖੀਆਂ ਗਲਤੀਆਂ/ ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਕੀਤੀਆਂ ਗਈਆਂ:-*

1. *ਮਿਤੀ 29.06.2022 ਨੂੰ ਸਮਾਂ ਕਰੀਬ 2:10 ਵੱਜੇ (ਤੜਕੇ) 220ਕੇਵੀ ਸ/ਸ ਅਮਲੋਹ ਵਿਖੇ ਬਲੈਕ ਆਊਟ ਹੋਇਆ ਸੀ, ਜੋ ਕਿ 66/11ਕੇਵੀ ਪ/ਟ/ਫ T-1 ਨੂੰ ਟਰੀਪਿੰਗ ਤੋਂ ਬਾਦ ਉਸਨੂੰ ਚਾਰਜ ਕਰਨ ਸਮੇਂ ਟੈਂਪਰੇਰੀ ਅਰਥਾ ਨੂੰ ਨਾ ਖੋਲਣ ਕਾਰਨ ਹੋਇਆ। ਸੋ ਪ/ਟ/ਫ ਦੀ ਚਾਰਜਿੰਗ ਸਮੇ ਟੈਂਪਰੇਰੀ ਅਰਥਾਂ ਨੂੰ ਨਾ ਖੋਲਣ ਦੀ ਤੁਹਾਡੇ ਵਲੋਂ ਕੀਤੀ ਗਈ ਅਣ-ਗਹਿਲੀ ਲਈ ਤੁਸੀ ਸਿਧੇ ਤੋਰ ਤੇ ਜਿੰਮੇਵਾਰ ਹੋ।*

   *ਤੁਹਾਡੇ ((ਸ੍ਰੀ ਰਮੇਸ਼ ਕੁਮਾਰ, ਜੂਨੀਅਰ ਇੰਜੀਨੀਅਰ) ਵਲੋਂ ਕੀਤੀ ਗਈ ਉਪਰੋਕਤ ਅਣਗਹਿਲੀ/ ਕੁਤਾਹੀ/ ਬੇਨਿਯਮੀ ਇਸ ਕਦਰ ਹੈ ਕਿ ਤੁਹਾਡੇ ਵਿਰੁੱਧ ਵਿਭਾਗ ਦੇ ਸਜ਼ਾ ਅਤੇ ਅਪੀਲ ਵਿਨਿਯਮ-1971 ਦੇ ਵਿਨਿਯਮ 05 (i ਤੋਂ iv) ਨਾਲ ਪੜਿਆ ਜਾਵੇ, ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦੀ ਹੈ।"*

ਜਿਵੇਂ ਕਿ ਇੰਜੀ. ਨਿਰਮਲ ਸਿੰਘ (ਕੋਡ ਨੰ. 107257), ਵਧੀਕ ਨਿਗਰਾਨ ਇੰਜੀਨੀਅਰ, ਇੰਜੀ. ਕੁਲਦੀਪ ਸਿੰਘ (ਕੋਡ ਨੰ. 110369), ਸਹਾਇਕ ਇੰਜੀਨੀਅਰ (ਰਿਟਾਇਰਡ) ਅਤੇ ਸ੍ਰੀ ਰਮੇਸ਼ ਕੁਮਾਰ (ਆਈ.ਡੀ. ਨੰ. 603272), ਜੂਨੀਅਰ ਇੰਜੀਨੀਅਰ ਵੱਲੋਂ ਸਬੰਧਤ ਕਾਰਨ ਦਸੋ ਨੋਟਿਸਾਂ ਦਾ ਜਵਾਬ ਦਿਤਾ ਗਿਆ।

ਜਿਵੇਂ ਕਿ ਸਬੰਧਤ ਅਧਿਕਾਰੀਆਂ/ ਕਰਮਚਾਰੀ ਵੱਲੋਂ ਦਿਤੇ ਗਏ ਜਵਾਬਾਂ ਉਤੇ ਸਬੰਧਤ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ (i.e. ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਅਤੇ ਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ) ਵਲੋਂ ਆਪਣੀਆਂ ਟਿਪਣੀਆਂ ਦਿਤੀਆ ਗਈਆਂ।

ਜਿਵੇਂ ਕਿ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ ਵੱਲੋਂ ਟਿਪਣੀਆਂ ਪ੍ਰਾਪਤ ਹੋਣ ਉਪਰੰਤ, ਮੁਕੰਮਲ ਕੇਸ ਨੂੰ ਸਮਰੱਥ ਅਧਿਕਾਰੀ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ/ ਫੈਸਲੇ ਹਿਤ ਪੇਸ਼ ਕੀਤਾ ਗਿਆ।

ਜਿਵੇਂ ਕਿ ਮੁਕੰਮਲ ਕੇਸ ਨੂੰ ਵਾਚਣ ਉਪਰੰਤ, ਸਮਰੱਥ ਅਧਿਕਾਰੀ ਜੀ ਵਲੋਂ ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ., ਅਬਲੋਵਾਲ (ਪਟਿਆਲਾ) ਜੀ ਨੂੰ ਕਾਰਨ ਦੱਸੋ ਨੋਟਿਸ ਨੰ. : 160 ਤੋਂ 162 ਮਿਤੀ: 19.12.2022 (ਸਾਂਝੀ ਕਾਰਵਾਈ ਅਧੀਨ) ਵਿੱਚ ਲੱਗੇ ਦੋਸ਼ਾਂ ਦੀ ਪੜ੍ਹਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਅਤੇ ਇਸ ਸਬੰਧੀ ਇਸ ਦਫਤਰ ਵਲੋਂ ਦਫਤਰੀ ਹੁਕਮ ਨੰ. 326 ਮਿਤੀ 25.04.2023 ਜਾਰੀ ਕੀਤਾ ਗਿਆ।

ਜਿਵੇਂ ਕਿ ਇਨਕੁਆਰੀ ਮੁਕੰਮਲ ਕਰਨ ਉਪਰੰਤ ਇਨਕੁਆਰੀ ਅਫਸਰ-ਕਮ-ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ, ਅਬਲੋਵਾਲ (ਪਟਿਆਲਾ) ਵਲੋਂ ਆਪਣੇ ਮੀਮੋ ਨੰ. 810 ਮਿਤੀ 20.09.2023 ਰਾਹੀਂ ਮੁਕੰਮਲ ਇਨਕੁਆਰੀ ਰਿਪੋਰਟ ਇਸ ਦਫਤਰ ਵਿਖੇ ਪੇਸ਼ ਕੀਤੀ ਗਈ।

ਜਿਵੇਂ ਕਿ ਉਪਰੋਕਤ ਇਨਕੁਆਰੀ ਰਿਪੋਰਟ ਦੀ ਕਾਪੀ ਇਸ ਦਫਤਰ ਵੱਲੋਂ ਮਿਤੀ 26.09.2023 ਨੂੰ ਸਾਰੇ ਸਬੰਧਤ ਅਧਿਕਾਰੀਆਂ/ ਕਰਮਚਾਰੀ [ਇੰਜੀ. ਨਿਰਮਲ ਸਿੰਘ (ਕੋਡ ਨੰ. 107257), ਵਧੀਕ ਨਿਗਰਾਨ ਇੰਜੀਨੀਅਰ, ਇੰਜੀ. ਕੁਲਦੀਪ ਸਿੰਘ (ਕੋਡ ਨੰ. 110369), ਸਹਾਇਕ ਇੰਜੀਨੀਅਰ (ਰਿਟਾਇਰਡ) ਅਤੇ ਸ੍ਰੀ ਰਮੇਸ਼ ਕੁਮਾਰ (ਆਈ.ਡੀ. ਨੰ. 603272), ਜੂਨੀਅਰ ਇੰਜੀਨੀਅਰ] ਨੂੰ 30 ਦਿਨਾਂ ਦਾ ਸਮਾਂ ਦਿੰਦੇ ਹੋਏ ਪ੍ਰਤੀਵੇਦਨਾ (**Rebuttal**) ਲਈ ਭੇਜੀ ਗਈ।

ਜਿਵੇਂ ਕਿ ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਵੱਲੋਂ ਆਪਣੀ ਪ੍ਰਤੀਵੇਦਨਾ (Rebuttal) ਵਿੱਚ ਪੜਤਾਲ ਰਿਪੋਰਟ ਦੇ ਸਿਟੇ ਨਾਲ ਸਹਿਮਤੀ ਪ੍ਰਗਟਾਈ ਗਈ।

ਜਿਵੇਂ ਕਿ ਇੰਜੀ: ਕੁਲਦੀਪ ਸਿੰਘ, ਕੋਡ ਨੰ. 110369, ਸਹਾਇਕ ਇੰਜੀਨੀਅਰ (ਰਿਟਾਇਰਡ) ਅਤੇ ਸ਼੍ਰੀ ਰਮੇਸ਼ ਕੁਮਾਰ, ਆਈ.ਡੀ. ਨੰ. 603272, ਜੂਨੀਅਰ ਇੰਜੀਨੀਅਰ ਵੱਲੋਂ ਆਪਣੀਆਂ ਪ੍ਰਤੀਵੇਦਨਾਵਾਂ (Rebuttals) ਵਿੱਚ ਪੜਤਾਲ ਰਿਪੋਰਟ ਦੇ ਸਬੰਧਤ ਸਿਟੇ ਨਾਲ ਸਹਿਮਤੀ ਨਹੀਂ ਪ੍ਰਗਟਾਈ ਗਈ ਅਤੇ ਨਾਲ ਹੀ ਉਨ੍ਹਾਂ (ਇੰਜੀ: ਕੁਲਦੀਪ ਸਿੰਘ ਅਤੇ ਸ਼੍ਰੀ ਰਮੇਸ਼ ਕੁਮਾਰ) ਵੱਲੋਂ ਸਬੰਧਤ ਕਾਰਨ ਦਸੋ ਨੋਟਿਸਾਂ ਤੇ ਅੰਤਿਮ ਫੈਂਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਨਿੱਜੀ ਸੁਣਵਾਈ (Personal Hearing) ਦੇਣ ਦੀ ਬੇਨਤੀ ਕੀਤੀ ਗਈ।

ਜਿਵੇਂ ਕਿ ਸਾਰੇ ਸਬੰਧਤ ਅਧਿਕਾਰੀਆਂ/ ਕਰਮਚਾਰੀ i.e. ਇੰਜੀ. ਨਿਰਮਲ ਸਿੰਘ, ਇੰਜੀ. ਕੁਲਦੀਪ ਸਿੰਘ ਅਤੇ ਸ੍ਰੀ ਰਮੇਸ਼ ਕੁਮਾਰ ਵੱਲੋਂ ਰਿਬੱਟਲ ਪ੍ਰਾਪਤ ਹੋਣ ਉਪਰੰਤ, ਮੁਕੰਮਲ ਸੰਕਲਿਤ ਕੇਸ ਨੂੰ ਸਮਰੱਥ ਅਧਿਕਾਰੀ ਜੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ/ ਫੈਸਲੇ ਹਿਤ ਪੇਸ਼ ਕੀਤਾ ਗਿਆ।

ਜਿਵੇਂ ਕਿ ਮੁਕੰਮਲ ਕੇਸ ਨੂੰ ਵਾਚਣ ਉਪਰੰਤ, ਸਮਰੱਥ ਅਧਿਕਾਰੀ ਜੀ ਵੱਲੋਂ ਕਾਰਨ ਦੱਸੋ ਨੋਟਿਸ ਨੰ. : 160 ਤੋਂ 162 ਮਿਤੀ: 19.12.2022 (ਸਾਂਝੀ ਕਾਰਵਾਈ ਅਧੀਨ) ਨੂੰ ਨਜਿੱਠਣ ਤੋਂ ਪਹਿਲਾਂ ਡਾਇਰੈਕਟਰ/ ਤਕਨੀਕੀ, ਪੀ.ਐਸ.ਟੀ.ਸੀ.ਐਲ. ਜੀ ਨੂੰ ਸਬੰਧਤ ਅਧਿਕਾਰੀਆਂ/ ਕਰਮਚਾਰੀ [i.e ਇੰਜੀ. ਕੁਲਦੀਪ ਸਿੰਘ ਅਤੇ ਸ੍ਰੀ ਰਮੇਸ਼ ਕੁਮਾਰ] ਨੂੰ ਨਿੱਜੀ ਸੁਣਵਾਈ (Personal Hearing) ਦੇਣ ਸਬੰਧੀ ਹੁਕਮ ਜਾਰੀ ਕੀਤੇ ਗਏ।

ਜਿਵੇਂ ਕਿ ਡਾਇਰੈਕਟਰ/ ਤਕਨੀਕੀ, ਪੀ.ਐਸ.ਟੀ.ਸੀ.ਐਲ. ਜੀ ਵੱਲੋਂ ਮਿਤੀ 19.12.2023 ਨੂੰ 2 ਨੰਬਰ ਅਧਿਕਾਰੀ/ ਕਰਮਚਾਰੀ [i.e. ਇੰਜੀ. ਕੁਲਦੀਪ ਸਿੰਘ ਅਤੇ ਸ੍ਰੀ ਰਮੇਸ਼ ਕੁਮਾਰ], ਨੂੰ ਆਪਣੇ ਦਫਤਰ ਵਿਖੇ ਨਿੱਜੀ ਸੁਣਵਾਈ (Personal Hearing) ਦਾ ਮੌਕਾ ਪ੍ਰਦਾਨ ਕੀਤਾ ਗਿਆ।

ਜਿਵੇਂ ਕਿ ਮਿਤੀ 19.12.2023 ਨੂੰ ਡਾਇਰੈਕਟਰ/ ਤਕਨੀਕੀ, ਪੀ.ਐਸ.ਟੀ.ਸੀ.ਐਲ. ਜੀ ਦੇ ਸਨਮੁੱਖ ਸਬੰਧਤ 2 ਨੰਬਰ ਅਧਿਕਾਰੀ/ ਕਰਮਚਾਰੀ [i.e ਇੰਜੀ. ਕੁਲਦੀਪ ਸਿੰਘ ਅਤੇ ਸ੍ਰੀ ਰਮੇਸ਼ ਕੁਮਾਰ] ਪੇਸ਼ ਹੋਏ ਅਤੇ ਆਪਣਾ ਪੱਖ ਰੱਖਿਆ।

ਜਿਵੇਂ ਕਿ ਉਪਰੋਕਤ ਨਿੱਜੀ ਸੁਣਵਾਈ ਉਪਰੰਤ ਡਾਇਰੈਕਟਰ/ ਤਕਨੀਕੀ, ਪੀ.ਐਸ.ਟੀ.ਸੀ.ਐਲ. ਜੀ ਵਲੋਂ ਦਿੱਤੀਆਂ ਗਈਆਂ recommendation ਸਮੇਤ ਮੁੰਕਮਲ ਕੇਸ ਨੂੰ ਵਿਚਾਰਦੇ ਹੋਏ ਸਮਰੱਥ ਅਧਿਕਾਰੀ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਵਲੋਂ ਕਾਰਨ ਦੱਸੋ ਨੋਟਿਸ ਨੰ. : 160 ਤੋਂ 162 ਮਿਤੀ: 19.12.2022 (ਸਾਂਝੀ ਕਾਰਵਾਈ ਅਧੀਨ) ਸਬੰਧੀ ਹੇਠ ਲਿਖੇ ਅਨੁਸਾਰ ਸਜ਼ਾ ਦਿੱਤੀ ਗਈ:-

| | | |
|---|---|---|
| 1. | ਇੰਜੀ. ਨਿਰਮਲ ਸਿੰਘ (ਕੋਡ ਨੰ. 107257),<br>ਵਧੀਕ ਨਿਗਰਾਨ ਇੰਜੀਨੀਅਰ | *Exonerated* |
| 2. | ਇੰਜੀ. ਕੁਲਦੀਪ ਸਿੰਘ (ਕੋਡ ਨੰ. 110369),<br>ਸਹਾਇਕ ਇੰਜੀਨੀਅਰ (ਰਿਟਾਇਰਡ) | *5% cut in pension for 1 year* |
| 3. | ਸ੍ਰੀ ਰਮੇਸ਼ ਕੁਮਾਰ (ਆਈ.ਡੀ. ਨੰ. 603272),<br>ਜੂਨੀਅਰ ਇੰਜੀਨੀਅਰ | *Increment to be withheld for a period of 1 year without future effect* |

ਇਸ ਲਈ, ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ, ਇੰਜੀ. ਨਿਰਮਲ ਸਿੰਘ (ਕੋਡ ਨੰ. 107257), ਵਧੀਕ ਨਿਗਰਾਨ ਇੰਜੀਨੀਅਰ, ਇੰਜੀ. ਕੁਲਦੀਪ ਸਿੰਘ (ਕੋਡ ਨੰ. 110369), ਸਹਾਇਕ ਇੰਜੀਨੀਅਰ (ਰਿਟਾਇਰਡ) ਅਤੇ ਸ੍ਰੀ ਰਮੇਸ਼ ਕੁਮਾਰ (ਆਈ.ਡੀ. ਨੰ. 603272), ਜੂਨੀਅਰ ਇੰਜੀਨੀਅਰ ਨੂੰ ਜਾਰੀ ਕੀਤੇ ਗਏ ਕ੍ਰਮਵਾਰ ਕਾਰਨ ਦੱਸੋ ਨੋਟਿਸ ਨੰ. : 160, 161 ਅਤੇ 162 ਮਿਤੀ: 19.12.2022 (ਸਾਂਝੀ ਕਾਰਵਾਈ ਅਧੀਨ) ਦੇ ਸਬੰਧ ਵਿੱਚ ਹੇਠ ਲਿਖੀਆਂ ਸਜ਼ਾਵਾਂ ਦੇ ਹੁਕਮ ਜਾਰੀ ਕਰਦਾ ਹੈ:-

1) ਕਾਰਨ ਦੱਸੋ ਨੋਟਿਸ ਨੰ. 160 ਮਿਤੀ: 19.12.2022 ਵਿਰੁੱਧ ਇੰਜੀ. ਨਿਰਮਲ ਸਿੰਘ (ਕੋਡ ਨੰ. 107257), ਵਧੀਕ ਨਿਗਰਾਨ ਇੰਜੀਨੀਅਰ : *'Exonerated'*

2) ਕਾਰਨ ਦੱਸੋ ਨੋਟਿਸ ਨੰ. 161 ਮਿਤੀ: 19.12.2022 ਵਿਰੁੱਧ ਇੰਜੀ. ਕੁਲਦੀਪ ਸਿੰਘ (ਕੋਡ ਨੰ. 110369), ਸਹਾਇਕ ਇੰਜੀਨੀਅਰ (ਰਿਟਾਇਰਡ) : ***'5% cut in pension for 1 year'***

3) ਕਾਰਨ ਦੱਸੋ ਨੋਟਿਸ ਨੰ. 162 ਮਿਤੀ: 19.12.2022 ਵਿਰੁੱਧ ਸ੍ਰੀ ਰਮੇਸ਼ ਕੁਮਾਰ (ਆਈ.ਡੀ. ਨੰ. 603272), ਜੂਨੀਅਰ ਇੰਜੀਨੀਅਰ : *'Stoppage of increment without future effect for one year'*

ਇਹ ਹੁਕਮ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

ਪਿੱਠ ਅੰਕਣ ਨੰ: 1408/32 / SCN-160 to 162 ਮਿਤੀ: 06/02/24

ਉਪਰੋਕਤ ਦਾ ਉਤਾਰਾ ਹੇਠ ਦਰਸਾਏ ਦਫਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪ੍ਰਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ।
2. ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ, ਅਬਲੋਵਾਲ।
3. ਮੁੱਖ ਇੰਜੀਨੀਅਰ/ ਐਚ.ਆਰ.ਡੀ, ਪੀ.ਐਸ.ਪੀ.ਸੀ.ਐਲ, ਪਟਿਆਲਾ।
4. ਮੁੱਖ ਇੰਜੀਨੀਅਰ/ ਵੰਡ (ਦੱਖਣ), ਪੀ.ਐਸ.ਪੀ.ਸੀ.ਐਲ, ਪਟਿਆਲਾ।
5. ਉਪ ਮੁੱਖ ਇੰਜੀਨੀਅਰ/ ਤਕਨੀਕੀ, ਪੀ.ਐਸ.ਪੀ.ਸੀ.ਐਲ., ਪਟਿਆਲਾ।
6. ਨਿਗਰਾਨ ਇੰਜੀਨੀਅਰ/ ਤਕਨੀਕੀ ਪੜਤਾਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
7. ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ, ਲੁਧਿਆਣਾ ਨੂੰ 3 ਨੰ: ਵਾਧੂ ਕਾਪੀਆਂ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ, ਇੰਜੀ: ਕੁਲਦੀਪ ਸਿੰਘ, ਕੋਡ ਨੰ. 110369, ਸਹਾਇਕ ਇੰਜੀਨੀਅਰ (ਰਿਟਾਇਰਡ) ਅਤੇ ਸ੍ਰੀ ਰਮੇਸ਼ ਕੁਮਾਰ, ਆਈ.ਡੀ. ਨੰ. 603272, ਜੂਨੀਅਰ ਇੰਜੀਨੀਅਰ ਨੂੰ ਵਾਧੂ ਕਾਪੀਆਂ ਸੌਂਪ ਕੇ ਉਨ੍ਹਾਂ ਦੀਆਂ ਪ੍ਰਾਪਤੀ ਰਸੀਦਾਂ, ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਤੁਰੰਤ ਭੇਜਣੀਆਂ ਯਕੀਨੀ ਬਣਾਈਆ ਜਾਣ ਜੀ।
8. ਉਪ ਮੁੱਖ ਲੇਖਾ ਅਫਸਰ/ ਪੈਨਸ਼ਨ ਤੇ ਫੰਡਜ਼ (ਪੀ ਐਂਡ ਐਫ), ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਦਫਤਰੀ ਹੁਕਮ ਦਾ ਇੰਦਰਾਜ ਇੰਜੀ. ਕੁਲਦੀਪ ਸਿੰਘ ਪੁੱਤਰ ਸ਼੍ਰੀ ਤਾਰਾ ਸਿੰਘ, ਕੋਡ ਨੰ. 110369, ਸਹਾਇਕ ਇੰਜੀਨੀਅਰ (ਰਿਟਾਇਰਡ) ਦੇ ਸੇਵਾ ਰਿਕਾਰਡ ਵਿੱਚ ਕਰਕੇ/ ਕਰਵਾਕੇ/ ਦਫਤਰੀ ਹੁਕਮ ਦੀ ਪਾਲਣਾ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਰਜਿਸਟਰਡ

9. ਵਧੀਕ ਨਿਗਰਾਨ ਇੰਜੀਨੀਅਰ/ ਪੀ ਤੇ ਐਮ ਮੰਡਲ-1, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ੍ਹ।
10. ਸੀਨੀ:ਕਾ:ਕਾ:ਇੰਜੀ:/ ਪ੍ਰੋਟੈਕਸ਼ਨ ਮੰਡਲ, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ੍ਹ।
11. ਸੰਯੁਕਤ ਸਕੱਤਰ/ ਸੇਵਾਵਾਂ-1, ਪੀ.ਐਸ.ਪੀ.ਸੀ.ਐਲ, ਪਟਿਆਲਾ।
12. ਸੰਯੁਕਤ ਸਕੱਤਰ/ ਸੇਵਾਵਾਂ-3, ਪੀ.ਐਸ.ਪੀ.ਸੀ.ਐਲ, ਪਟਿਆਲਾ।
13. ਸੰਯੁਕਤ ਸਕੱਤਰ/ ਸੇਵਾਵਾਂ-5, ਪੀ.ਐਸ.ਪੀ.ਸੀ.ਐਲ, ਪਟਿਆਲਾ।
14. ਉਪ ਸਕੱਤਰ/ ਅਮਲਾ, ਪੀ.ਐਸ.ਟੀ.ਸੀ.ਐਲ.,ਪਟਿਆਲਾ।
15. ਵਧੀਕ ਨਿਗਰਾਨ ਇੰਜੀਨੀਅਰ/ ਟ੍ਰੇਨਿੰਗ (ਪੀ ਤੇ ਆਰ), ਪੀ.ਐਸ.ਟੀ.ਸੀ.ਐਲ., ਪਟਿਆਲਾ।
16. ਵਧੀਕ ਨਿਗਰਾਨ ਇੰਜੀਨੀਅਰ/ ਵਰਕਸ (ਦਫਤਰ: ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ, ਅਬਲੋਵਾਲ)
17. ਸੀਨੀ.ਕਾ:ਕਾ:ਇੰਜੀ:/ ਪ੍ਰਸੋਨਲ, ਪੀ.ਐਸ.ਟੀ.ਸੀ.ਐਲ., ਪਟਿਆਲਾ।
18. ਡਿਪਟੀ ਮੈਨੇਜਰ/ ਗਜਟੀ, ਪੀ.ਐਸ.ਪੀ.ਸੀ.ਐਲ, ਪਟਿਆਲਾ।
19. ਲੇਖਾ ਅਫਸਰ/ ਤਨਖਾਹ ਤੇ ਲੇਖਾ, ਪੀ.ਐਸ.ਟੀ.ਸੀ.ਐਲ, ਪਟਿਆਲਾ।
20. ਲੇਖਾ ਅਫਸਰ/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ., ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਦਫਤਰੀ ਹੁਕਮ ਦਾ ਇੰਦਰਾਜ ਸ੍ਰੀ ਰਮੇਸ਼ ਕੁਮਾਰ ਪੁੱਤਰ ਸ਼੍ਰੀ ਬਸੰਤ ਲਾਲ, ਆਈ.ਡੀ. ਨੰ. 603272, ਜੂਨੀਅਰ ਇੰਜੀਨੀਅਰ ਦੇ ਸੇਵਾ ਰਿਕਾਰਡ ਵਿੱਚ ਕਰਕੇ/ ਕਰਵਾਕੇ/ ਦਫਤਰੀ ਹੁਕਮ ਦੀ ਪਾਲਣਾ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
21. ਲੇਖਾ ਅਫਸਰ/ ਤਨਖਾਹ ਤੇ ਲੇਖਾ, ਪੀ.ਐਸ.ਪੀ.ਸੀ.ਐਲ, ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਦਫਤਰੀ ਹੁਕਮ ਦਾ ਇੰਦਰਾਜ ਇੰਜੀ. ਨਿਰਮਲ ਸਿੰਘ ਪੁੱਤਰ ਸ਼੍ਰੀ ਜੋਗਿੰਦਰ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਦੇ ਸੇਵਾ ਰਿਕਾਰਡ ਵਿੱਚ ਕਰਕੇ/ ਕਰਵਾਕੇ/ ਦਫਤਰੀ ਹੁਕਮ ਦੀ ਪਾਲਣਾ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

Registered

22. ਇੰਜੀ. ਨਿਰਮਲ ਸਿੰਘ ਪੁੱਤਰ ਸ਼੍ਰੀ ਜੋਗਿੰਦਰ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ, ਦਫਤਰ: ਵੰਡ ਹਲਕਾ, ਪੀ.ਐਸ.ਪੀ.ਸੀ.ਐਲ, ਨਵਾਂ ਸ਼ਹਿਰ, ਪਿੰਨ ਕੋਡ 144514
23. ਇੰਜੀ. ਕੁਲਦੀਪ ਸਿੰਘ ਪੁੱਤਰ ਸ਼੍ਰੀ ਤਾਰਾ ਸਿੰਘ, ਕੋਡ ਨੰ. 110369, ਸਹਾਇਕ ਇੰਜੀਨੀਅਰ (ਰਿਟਾਇਰਡ), ਮਕਾਨ ਨੰ: 79, ਰਣਜੀਤ ਵਿਹਾਰ, ਸਰਹੰਦ ਰੋਡ, ਪਟਿਆਲਾ।
24. ਸ੍ਰੀ ਰਮੇਸ਼ ਕੁਮਾਰ ਪੁੱਤਰ ਸ਼੍ਰੀ ਬਸੰਤ ਲਾਲ, ਆਈ.ਡੀ. ਨੰ. 603272, ਜੂਨੀਅਰ ਇੰਜੀਨੀਅਰ, ਦਫਤਰ: ਕੰਟਰੋਲ ਰੂਮ, ਐਸ.ਐਲ.ਡੀ.ਸੀ.,ਪੀ.ਐਸ.ਟੀ.ਸੀ.ਐਲ., ਅਬਲੋਵਾਲ (ਪਟਿਆਲਾ)।

1/5/2024

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

1433/36
6-02/24

ਸੀ.ਸੀ.

1) ਸੀਨੀ: ਨਿੱਜੀ ਸਕੱਤਰ ਟੂ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2) ਸੀਨੀ: ਨਿੱਜੀ ਸਕੱਤਰ ਟੂ ਸੀ.ਐਮ.ਡੀ, ਪੀ.ਐਸ.ਪੀ.ਸੀ.ਐਲ, ਪਟਿਆਲਾ ਜੀ।
3) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।